# ਘਰ ਖਰੀਦਣ ਵੇਲੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ



ਤੁਹਾਡਾ ਘਰ ਕੇਵਲ ਰਹਿਣ ਦੀ ਥਾਂ ਹੀ ਨਹੀਂ ਹੈ। ਇਹ ਸ਼ਾਇਦ ਤੁਹਾਡੇ ਦੁਆਰਾ ਕੀਤਾ ਜਾਣ ਵਾਲਾ ਸਭ ਤੋਂ ਵੱਡਾ ਅਤੇ ਸਭ ਤੋਂ ਮਹੱਤਵਪੂਰਨ ਨਿਵੇਸ਼ ਹੈ।

ਇਸ ਨਿਵੇਸ਼ ਦੀ ਸੁਰੱਖਿਆ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਅਤੇ ਤੁਹਾਡੇ ਪਰਿਵਾਰ ਦੇ ਲਈ ਸੁਰੱਖਿਅਤ ਅਤੇ ਆਰਾਮਦਾਇਕ ਥਾਂ ਜਿਸ ਨੂੰ ਨੂੰ ਘਰ ਕਿਹਾ ਜਾਵੇ, ਲੱਭਣ ਲਈ Canada Mortgage and Housing Corporation (CMHC) ਤੁਹਾਨੂੰ ਹੇਠ ਲਿਖੀਆਂ ਕੁਝ ਚੀਜ਼ਾਂ ਦੀ ਸੂਚੀ ਦਿੰਦੀ ਹੈ ਜੋ ਤੁਹਾਨੂੰ ਤੁਹਾਡੇ ਘਰ ਖ਼੍ਰੀਦਣ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਲਈ ਵੇਖਣੀਆਂ ਚਾਹੀਦੀਆਂ ਹਨ ਕਿ ਤੁਹਾਨੂੰ ਅੰਤ ਵਿਚ ਬਹੁਤ ਸਾਰੀਆਂ, ਮਹਿੰਗੀਆਂ ਮੁਰੰਮਤਾਂ ਉੱਤੇ ਪੈਸਾ ਨਾ ਖਰਚ ਕਰਨਾ ਪਵੇ:

- **ਇੱਟਾਂ ਦਾ ਕੰਮ ਅਤੇ ਚਿਮਨੀ ਦਾ ਨਿਕਾਸ**–ਚਿਮਨੀ ਦੇ ਬਾਹਰਲੇ ਪਾਸੇ ਕੀਤੇ ਗਏ ਇੱਟਾਂ ਦੇ ਕੰਮ ਨੂੰ ਵੇਖੋ। ਜੇ ਇਸਦੇ ਛਿੱਲੜ ਉੱਤਰ ਰਹੇ ਹਨ, ਇਹ ਢਹਿ ਰਹੀ ਹੈ, ਪਾਊਡਰ ਬਣ ਰਹੀ ਹੈ ਜਾਂ ਚੂਨਾ ਟੁੱਟ ਕੇ ਡਿੱਗਣ ਲੱਗ ਪਿਆ ਹੈ, ਤਾਂ ਇਸਦੀ ਮੁਰੰਮਤ ਕਰਵਾਉਣਾ ਬਹੁਤ ਮਹਿੰਗਾ ਹੋ ਸਕਦਾ ਹੈ।

- **ਡੈਕ ਅਤੇ ਡਿਓਡੀ**–ਲੱਕੜ ਦੇ ਸੜਨ ਦੇ ਨਿਸ਼ਾਨ ਦੇਖੋ, ਭਾਵੇਂ ਇਹ ਤਾਜ਼ੇ ਕੀਤੇ ਪੇਂਟ ਦੇ ਹੇਠਾਂ ਹੋਣ। ਨਾਜ਼ੁਕ ਥਾਂਵਾਂ ਜਾਂ ਉਹ ਥਾਂਵਾਂ ਜਿੱਥੇ ਲੱਕੜ ਉੱਖੜੀ ਹੋਈ ਹੈ, ਵਧੇਰੇ ਨੁਕਸਾਨ ਦੇ ਲੱਛਣ ਹੋ ਸਕਦੇ ਹਨ।

- **ਬਿਜਲੀ ਪ੍ਰਣਾਲੀ**–ਜੇ ਤੁਸੀਂ ਇਕ ਪੁਰਾਣਾ ਘਰ ਖਰੀਦ ਰਹੇ ਹੋ, ਤਾਂ ਪਤਾ ਲਗਾਉ ਕਿ ਬਿਜਲੀ ਦੇ ਪੈਨਲ ਨੂੰ ਅਪਗ੍ਰੇਡ ਕੀਤਾ ਗਿਆ ਹੈ। ਜੇ ਸਰਵਿਸ 200 ਐਮਪਿਅਰਜ਼ ਦਰਸਾਉਂਦੀ ਹੈ ਤਾਂ ਇਹ ਅਪਗ੍ਰੇਡ ਹੈ। ਇਕ 60 ਜਾਂ 100 ਐਮਪਿਅਰਜ਼ ਦਾ ਪੈਨਲ ਸ਼ਾਇਦ ਅਪਗ੍ਰੇਡ ਨਹੀਂ ਹੁੰਦਾ ਹੈ, ਅਤੇ ਹੋ ਸਕਦਾ ਹੈ ਤੁਹਾਡੇ ਘਰ ਦੀਆਂ ਬਿਜਲੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫੀ ਨਾ ਹੋਏ।

- **ਫਰਸ਼**–ਫਰਸ਼ ਕਿਸ ਅਕਾਰ ਵਿਚ ਹਨ? ਜੇ ਫਰਸ਼ਾਂ ਉੱਤੇ ਹਾਰਡਵੁੱਡ ਲੱਗੀ ਹੈ, ਕੀ ਉਨ੍ਹਾਂ ਉੱਤੇ ਰੇਗਮਾਰ ਮਾਰਨ ਦੀ ਅਤੇ ਉਨ੍ਹਾਂ ਨੂੰ ਦੁਬਾਰਾ ਤਿਆਰ ਕਰਨ ਦੀ ਜ਼ਰੂਰਤ ਹੈ? ਦੁਬਾਰਾ ਤਿਆਰ ਕਰਨਾ ਇੰਨਾ ਮਹਿੰਗਾ ਨਹੀਂ ਹੈ, ਪਰ ਜੇ ਇਹ ਤੁਹਾਡੇ ਜਾਣ ਤੋਂ ਪਹਿਲਾਂ, ਜਦੋਂ ਕਮਰੇ ਖਾਲੀ ਹੁੰਦੇ ਹਨ, ਕਰਵਾਇਆ ਜਾਵੇ ਤਾਂ ਸੌਖਾ ਹੁੰਦਾ ਹੈ।

- **ਹੀਟਿੰਗ**–ਇਹ ਪਤਾ ਲਗਾਉ ਕਿ ਭੱਠੀ ਕਿੰਨੀ ਪੁਰਾਣੀ ਹੈ, ਅਤੇ ਘਰ ਨੂੰ ਗਰਮ ਕਰਨ ਦੇ ਲਈ ਕਿਸ ਤਰ੍ਹਾਂ ਦੇ ਬਾਲਣ ਦੀ ਵਰਤੋਂ ਕੀਤੀ ਜਾਂਦੀ ਹੈ। ਕੁਦਰਤੀ ਗੈਸ ਆਮ ਕਰਕੇ ਸਭ ਤੋਂ ਸਸਤਾ ਵਿਕਲਪ ਹੁੰਦੀ ਹੈ, ਪਰ ਇਹ ਆਸਾਨੀ ਨਾਲ ਹਰ ਥਾਂ ਉਪਲਬਧ ਨਹੀਂ ਹੁੰਦੀ। ਕੈਨੇਡਾ ਵਿਚ ਘਰ ਗਰਮ ਕਰਨ ਲਈ, ਤੇਲ ਅਤੇ ਬਿਜਲੀ, ਬਾਲਣ ਦੇ ਆਮ ਸਰੋਤ ਹਨ, ਪਰ ਜ਼ਿਆਦਾਤਰ ਮਹਿੰਗੇ ਹੁੰਦੇ ਹਨ, ਖਾਸ ਕਰਕੇ ਉਸ ਘਰ ਲਈ ਜਿੱਥੇ ਬੇਸਬੋਰਡ ਹੀਟਰ ਹੁੰਦੇ ਹਨ।

- **ਇੰਸੂਲੇਸ਼ਨ**–ਇੰਸੂਲੇਸ਼ਨ ਤੁਹਾਡੇ ਘਰ ਨੂੰ ਸਰਦੀਆਂ ਵਿਚ ਨਿੱਘਾ ਅਤੇ ਗਰਮੀਆਂ ਵਿਚ ਠੰਢਾ ਰੱਖਦੀ ਹੈ। ਜੇ ਘਰਾਂ ਦੇ ਵਿਚ ਪੁਰਾਣੇ ਪਲਸਤਰ ਦੀਆਂ ਕੰਧਾਂ ਹਨ, ਤਾਂ ਸ਼ਾਇਦ ਇਸ ਵਿਚ ਥੋੜੀ ਜਾਂ ਕੋਈ ਇੰਸੂਲੇਸ਼ਨ ਨਹੀਂ ਹੁੰਦੀ। ਦੀਵਾਰਾਂ ਦੇ ਪਿੱਛੇ ਅਤਿਰਿਕਤ ਇੰਸੂਲੇਸ਼ਨ ਨੂੰ ਕਰਵਾਉਣ ਲਈ ਇੰਸੂਲੇਸ਼ਨ ਦੇ ਠੇਕੇਦਾਰ ਨੂੰ ਲਗਾਉਣਾ ਮਹਿੰਗਾ ਹੋ ਸਕਦਾ ਹੈ, ਪਰ ਲੰਮੇ ਸਮੇਂ ਤੱਕ ਇਹ ਤੁਹਾਡੇ ਘਰ ਨੂੰ ਨਿੱਘਾ ਕਰਨ ਦੇ ਬਿਲਾਂ ਦੇ ਪੈਸੇ ਬਚਾਏਗਾ।

- **ਪਾਰਕਿੰਗ**–ਪਤਾ ਲਗਾਉ ਤੁਸੀਂ ਪਾਰਕਿੰਗ ਕਿੱਥੇ ਕਰ ਸਕਦੇ ਹੋ ਅਤੇ ਘਰ ਦੇ ਨਾਲ ਪਾਰਕਿੰਗ ਦੀਆਂ ਕਿੰਨੀਆਂ ਥਾਂਵਾਂ ਹਨ । ਵੱਡੇ ਸ਼ਹਿਰਾਂ ਜਿਵੇਂ ਕਿ ਮਾਂਟਰੀਅਲ ਅਤੇ ਟੋਰਾਂਟੋ, ਵਿਚਲੇ ਬਹੁਤੇ ਪੁਰਾਣੇ ਘਰਾਂ ਦੇ ਵਿਚ ਗੈਰਾਜ ਜਾਂ ਡਰਾਈਵੇਅ ਨਹੀਂ ਹੁੰਦਾ ਹੈ। ਜੇ ਘਰ ਦੇ ਵਿਚ ਡਰਾਈਵੇਅ ਨਹੀਂ ਹੈ, ਕੀ ਤੁਸੀਂ ਸਿਟੀ ਤੋਂ ਗਲੀ ਵਿਚ ਪਾਰਕ ਕਰਨ ਦਾ ਪਾਰਕਿੰਗ ਪਰਮਿਟ ਲੈ ਸਕਦੇ ਹੋ? ਜੇ ਨਹੀਂ, ਤਾਂ ਕੀ ਮਿਊਂਸੀਪਲ ਦੇ ਨਿਯਮ ਤੁਹਾਨੂੰ ਡਰਾਈਵੇਅ ਅਤੇ ਪਾਰਕਿੰਗ ਦੀ ਥਾਂ ਨੂੰ ਬਣਾਉਣ ਦੀ ਇਜ਼ਾਜ਼ਤ ਦਿੰਦੇ ਹਨ?

67376 15-06-11 What to Look For When Buying a Home (Punjabi version)

Canada

CMHC SCHL
HOME TO CANADIANS

- **ਪਲੰਬਿੰਗ–**ਪਲੰਬਿੰਗ ਦੀ ਪ੍ਰਣਾਲੀ ਵਿਚ ਕਾਪਰ ਦੇ ਜੋੜ੍ਹਾਂ ਨਾਲ ਕਾਪਰ ਦੇ ਪਾਇਪ ਹੋਣੇ ਚਾਹੀਦੇ ਹਨ ਜਾਂ ਪੀ ਵੀ ਸੀ ਪਾਇਪਿੰਗ ਹੋਣੀ ਚਾਹੀਦੀ ਹੈ। ਲੈਡ ਦੇ ਪਾਇਪਾਂ ਦਾ ਮਤਲਬ ਹੈ ਕਿ ਪਲੰਬਿੰਗ ਪੁਰਾਣੀ ਹੈ ਅਤੇ ਭਵਿੱਖ ਵਿਚ ਇਸਨੂੰ ਅਪਗ੍ਰੇਡ ਕਰਨ ਦੀ ਜ਼ਰੂਰਤ ਪਵੇਗੀ।
- **ਛੱਤ–** ਕੀ ਛੱਤ ਚੰਗੀ ਹਾਲਤ ਵਿਚ ਹੈ? ਇਕ ਛੱਤ ਆਮ ਕਰਕੇ 20 ਤੋਂ 25 ਸਾਲ ਦੇ ਲਈ ਠੀਕ ਹੁੰਦੀ ਹੈ। ਕੁਝ ਲੱਛਣ ਜੋ ਇਹ ਦਰਸਾਉਂਦੇ ਹਨ ਕਿ ਤੁਹਾਨੂੰ ਛੱਤ ਬਦਲਨੀ ਚਾਹੀਦੀ ਹੈ, ਉਨ੍ਹਾਂ ਵਿਚ ਲੀਕ ਹੋਣਾ, ਚਿਮਨੀ ਦੇ ਨੇੜੇ ਅਤੇ ਘਰ ਦੇ ਅੰਦਰ ਉਪਰਲੀ ਮੰਜ਼ਿਲ ਦੀ ਛੱਤ ‘ਤੇ ਪਾਣੀ ਦੇ ਦਾਗ ਸ਼ਾਮਲ ਹਨ।
- **ਸੀਵਰੇਜ ਅਤੇ ਨਿਕਾਸੀਆਂ–** ਇਕ ਯੋਗਤਾ ਪ੍ਰਾਪਤ ਇੰਸਪੈਕਟਰ ਨੂੰ ਇਹ ਪਤਾ ਲਗਾਉਣ ਲਈ ਕੰਮ ‘ਤੇ ਲਗਾਓ) ਕਿ ਸੀਵਰੇਜ ਦੀਆਂ ਪ੍ਰਣਾਲੀਆਂ ਅਤੇ ਨਿਕਾਸੀਆਂ ਸਹੀ ਤਰ੍ਹਾਂ ਕੰਮ ਕਰ ਰਹੀਆਂ ਹਨ। ਤੁਹਾਨੂੰ ਇਹ ਵੀ ਪਤਾ ਲਗਾਉਣਾ ਚਾਹੀਦਾ ਹੈ ਕਿ ਕੀ ਗਲੀ ਦੀਆਂ ਸੀਵਰੇਜ ਦੀਆਂ ਸੇਵਾਵਾਂ ਨੂੰ ਹੁਣੇ ਜਿਹੇ ਹੀ ਅਪਗ੍ਰੇਡ ਕੀਤਾ ਗਿਆ ਹੈ।
- **ਖਿੜਕੀਆਂ–**ਜੇ ਤੁਸੀਂ ਕਿਸੇ ਪੁਰਾਣੇ ਘਰ ਨੂੰ ਵੇਖ ਰਹੇ ਹੋ ਜਿਸ ਦੀਆਂ ਖਿੜਕੀਆਂ ਵਿਚ ਸਿਰਫ ਇਕ ਸ਼ੀਸ਼ਾ ਹੈ, ਤੁਹਾਨੂੰ ਘਰ ਵਿਚ ਸ਼ਿਫ਼ਟ ਹੋਣ ਤੋਂ ਪਹਿਲਾਂ ਨਵੀਆਂ ਖਿੜਕੀਆਂ ਲਵਾਉਣੀਆਂ ਪੈਣਗੀਆਂ।

ਜੇ ਤੁਸੀਂ ਪੁਰਾਣਾ ਘਰ ਖਰੀਦਣ ਲੱਗੇ ਹੋ ਤਾਂ ਤੁਹਾਡੇ ਦੁਆਰਾ ਘਰ ਖਰੀਦਣ ਤੋਂ ਪਹਿਲਾਂ ਘਰ ਦਾ ਨਿਰੀਖਣ ਕਰਨ ਲਈ ਪੇਸ਼ੇਵਰ ਘਰਾਂ ਦੇ ਇੰਸਪੈਕਟਰ ਨੂੰ ਕੰਮ ਤੇ ਲਗਾਉਣਾ ਚੰਗਾ ਵਿਚਾਰ ਹੈ। ਘਰ ਦਾ ਨਿਰੀਖਣ ਤੁਹਾਨੂੰ, ਤੁਹਾਡੇ ਦੁਆਰਾ ਖਰੀਦੇ ਜਾਣ ਵਾਲੇ ਘਰ ਦੀ ਹਾਲਤ ਦਾ, ਘਰ ਖਰੀਦਣ ਤੋਂ ਪਹਿਲਾਂ ਪੂਰਾ ਗਿਆਨ ਦੇਵੇਗਾ।

ਰਿਹਾਇਸ਼ ਬਾਰੇ ਵਧੇਰੇ ਜਾਣਕਾਰੀ ਕਈ, ਕਿਰਪਾ ਕਰਕੇ Canada Mortgage and Housing Corporation ਨੂੰ www.cmhc.ca/newcomers ‘ਤੇ ਸੰਪਰਕ ਕਰੋ।